International Journal of Applied Research 2022; 8(6): 126-127




**ISSN Print:** 2394-7500
**ISSN Online:** 2394-5869
**Impact Factor:** 8.4
IJAR 2022; 8(6): 126-127
www.allresearchjournal.com
Received: 05-03-2022
Accepted: 12-04-2022

**ਅਮਨਪ੍ਰੀਤ ਕੌਰ**
ਖੋਜਕਾਰ, ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ, ਜੰਮੂ ਅਤੇ ਕਸ਼ਮੀਰ, ਭਾਰਤ

**Corresponding Author:**
**ਅਮਨਪ੍ਰੀਤ ਕੌਰ**
ਖੋਜਕਾਰ, ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ, ਜੰਮੂ ਅਤੇ ਕਸ਼ਮੀਰ, ਭਾਰਤ

# ਭੁਪਿੰਦਰ ਸਿੰਘ ਰੈਣਾ ਰਚਿਤ ਨਾਵਲ 'ਅੱਧੇ ਅਧੂਰੇ': ਵਿਸ਼ੇਗਤ ਸਰੋਕਾਰ

## ਅਮਨਪ੍ਰੀਤ ਕੌਰ

### ਜਾਣ-ਪਛਾਣ

ਪੰਜਾਬੀ ਸਾਹਿਤ ਜਗਤ ਵਿਚ ਜੰਮੂ ਕਸ਼ਮੀਰ ਦਾ ਪੰਜਾਬੀ ਸਾਹਿਤ ਆਪਣੀ ਇਕ ਅਹਿਮ ਥਾਂ ਰਖਦਾ ਹੈ। ਪਿਛਲੇ ਕਈਂ ਦਹਾਕਿਆਂ ਤੋਂ ਇੱਥੇ ਸਾਹਿਤ ਦੀ ਹਰ ਵਿਧਾ ਨੂੰ ਲੈ ਕੇ ਸਾਹਿਤ ਸਿਰਜਣਾ ਕੀਤੀ ਗਈ ਹੈ। ਜਿਸ ਵਿਚ ਕਵਿਤਾ, ਵਾਰਤਕ, ਕਹਾਣੀ ਤੇ ਵਿਸ਼ੇਸ਼ਕਰ ਨਾਵਲ ਲਿਖਿਆ ਗਿਆ ਹੈ। ਜੰਮੂ ਕਸ਼ਮੀਰ ਦੇ ਗਲਪ ਸਾਹਿਤ ਸੰਬੰਧੀ ਜ਼ੇਕਰ ਗਲ ਕਰੀਏ ਤਾਂ ਇਹ ਆਪਣੀ ਇਕ ਖਾਸ ਸਮਰਥਾ ਰਖਦਾ ਹੈ। ਇਹ ਜੰਮੂ ਕਸ਼ਮੀਰ ਦੀਆਂ ਅਨੇਕ ਉਪਬੋਲੀਆਂ, ਖਾਸ ਰਹਿਤਲ ਦੇ ਸਭਿਆਚਾਰਕ ਤੇ ਲੋਕਧਾਰਾਈ ਦੇ ਸੋਹੁਜ ਅਤੇ ਇਤਿਹਾਸਕ ਪਰਿਪੇਖ ਨੂੰ ਆਪਣੀ ਸਿਰਜਣ ਪ੍ਰਕਿਰਿਆ ਦਾ ਹਿੱਸਾ ਬਣਾਉਂਦਾ ਹੈ। ਭੁਪਿੰਦਰ ਸਿੰਘ ਰੈਣਾ ਨੇ ਜੰਮੂ ਕਸ਼ਮੀਰ ਦੇ ਪੰਜਾਬੀ ਨਾਵਲਕਾਰ ਵਜੋਂ ਆਪਣੀ ਪਛਾਣ ਬਣਾਈ ਹੈ। ਇਨ੍ਹਾਂ ਦਾ ਪਲੇਠਾ ਨਾਵਲ ਸਨ 1973 ਵਿਚ ਛਪਿਆ ਸੀ। ਇਨ੍ਹਾਂ ਨੇ ਹੁਣ ਤਕ ਕੁੱਲ ਸੱਤ (7) ਨਾਵਲ ਅਤੇ ਦੋ ਨਾਟਕਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਨੇ ਲਗਭਗ 4 (ਚਾਰ) ਦਹਾਕੇ ਬਾਅਦ ਲਿਖਣ ਕਾਰਜ ਨੂੰ ਮੁੜ ਆਰੰਭਿਆ। ਸਾਲ 2020 ਵਿਚ ਇਨ੍ਹਾਂ ਦੇ ਤਿੰਨ ਨਾਵਲ:- (1) ਬੇਨਾਮ ਰਿਸ਼ਤੇ (2) ਇਕ ਹੋਰ ਲੂਣ (3) ਪਾਪ ਦੀ ਪੰਡ। ਛੱਪ ਕੇ ਪਾਠਕਾਂ ਦੇ ਹੱਥਾਂ ਦਾ ਸ਼ਿੰਗਾਰ ਬਣੇ। ਖੋਜ ਪਰਚਾ ਭੁਪਿੰਦਰ ਸਿੰਘ ਰੈਣਾ ਦੇ ਨਾਵਲ "ਅਧੇ-ਅਧੂਰੇ" ਦੇ ਵਿਸ਼ਾਗਤ ਸਰੋਕਾਰਾਂ ਦੀ ਪੜ੍ਹਤ 'ਤੇ ਆਸ਼ਰੀਤ ਰਹੇਗਾ। ਇਸ ਨਾਵਲ ਦੀ ਪੜ੍ਹਤ ਬਾਵਤ ਜੋ ਮੇਰੀਆਂ ਧਾਰਨਾਵਾਂ ਬਣੀਆਂ ਹਨ ਉਨ੍ਹਾਂ ਗਲਾਂ ਉਤੇ ਇਹ ਚਰਚਾ ਕੇਂਦਰਿਤ ਰਹੇਗੀ।

ਇਸ ਨਾਵਲ ਵਿਚ ਲੇਖਕ ਨੇ ਕਈਂ ਵਿਸ਼ਿਆਂ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਦੀ ਕਥਾ ਦਾ ਆਰੰਭ 'ਗੁਰਸੇਵਕ' ਅਤੇ 'ਇੰਦੂ' ਦੇ ਪ੍ਰੇਮ ਰਾਹੀਂ ਹੁੰਦਾ ਹੈ ਜੋ ਸਾਰੀ ਜ਼ਿੰਦਗੀ ਭਾਵੇਂ ਇਕ ਦੂਜੇ ਨੂੰ ਨਹੀਂ ਮਿਲਦੇ। ਪਰ ਦੋਹਾਂ ਦੇ ਦਿਲਾਂ ਵਿਚ ਆਪਸੀ ਪਿਆਰ ਹਮੇਸ਼ਾ ਬਰਕਰਾਰ ਰਹਿੰਦਾ ਹੈ। ਗੁਰਸੇਵਕ ਭਾਵੇਂ ਵਿਆਹ ਕਰਵਾ ਲੈਂਦਾ ਹੈ ਪਰ ਇੰਦੂ ਸਾਰੀ ਉਮਰ ਵਿਆਹ ਨਹੀਂ ਕਰਵਾਉਂਦੀ। ਉਹ ਆਪਣੇ ਪਿਆਰ ਨੂੰ ਇਸ਼ਕ ਮਜਾਜੀ ਤੋਂ ਇਸ਼ਕ ਹਕੀਕੀ ਵੱਲ ਲੈ ਜਾਂਦੇ ਹਨ, ਇਸ ਦੀ ਉਦਾਰਹਣ ਨਾਵਲ ਦੇ ਅਖੀਰਲੇ ਪੰਨਿਆ 'ਤੇ ਮੌਜੂਦ ਹੈ:-

"ਸਾਰਾ ਜੀਵਨ ਆਪ ਕੇ ਲੀਏ ਬਿਤਾ ਦੀਆ, ਆਪ ਕੇ ਲੀਏ ਅਪਨੇ ਪਰਿਵਾਰ ਕੋ ਠੁਕਰਾ ਦੀਆਂ, ਸ਼ਾਦੀ ਨਹੀਂ ਕੀ, ਕੋਈ ਮਰਦ ਉਨਕੋ ਅੱਛਾ ਨਹੀਂ ਲਗਾ, ਆਪ ਕੇ ਬਰਾਬਰ ਕਿਸੀ ਕੋ ਉਨਹੋਂ ਨੇ ਸਮਝਾ ਹੀ ਨਹੀਂ। ਵੋਹ ਫਰਿਸ਼ਤਾ ਹੋਕਰ ਮੀਰਾ ਬਨੀ ਰਹੀ। ਆਜ ਕੇ ਯੁਗ ਮੇਂ ਐਸੀ ਇਸਤ੍ਰੀ ਹੋਨਾ, ਦੇਵੀ ਕੇ ਸਮਾਨ ਹੈ। ਵੋਹ ਮੇਰੇ ਲੀਏ ਸਾਖਸ਼ਾਤ ਦੇਵੀ ਥੀ।

ਹਾਂ ਸੰਤੋਸ਼ ਬੇਟੇ! ਵੋਹ ਦੇਵੀ ਹੀ ਥੀ ਉਸਨੇ ਅਪਨਾ ਬਚਨ ਪੂਰਾ ਕੀਆ, ਅਪਨਾ ਪ੍ਰਣ ਨਿਭਾਇਆ, ਔਰ ਸਾਰੀ ਉਮਰ ਏਕ ਹੀ ਪੁਰਸ਼ ਕਿ ਅਪਨਾ ਅਰਾਧੇ ਮਾਨਾ। ਐਸੇ ਕੋਈ ਔਰ ਨਹੀਂ ਕਰ ਸਕਤਾ। ਮੇਰੀ ਆਤਮਾ ਸੇ ਭੀ ਵੋਹ ਕਭੀ ਬਾਹਰ ਨਹੀਂ ਨਿਕਲੀ। ਪਿਛਲੇ ਪਚਾਸ ਬਰਸੋਂ ਮੇਂ ਕੋਈ ਐਸੀ ਸਵੇਰ ਨਹੀਂ ਹੁਈ ਜਬ ਈਸ਼ਵਰ ਸੇ ਪਹਿਲੇ ਮੈਨੇ ਉਸੇ ਯਾਦ ਨਾ ਕੀਆ ਹੋ,... ਵੋਹ ਮੇਰੀ ਰੂਹ ਮੇਂ ਬਸਤੀ ਰਹੀ ਹੈ।"[1]

ਨਾਵਲ ਦਾ ਸਮੁੱਚਾ ਬਿਰਤਾਂਤ ਇਨ੍ਹਾਂ ਦੋ ਪਾਤਰਾਂ ਦੇ ਰੂਹਾਨੀ ਇਸ਼ਕ ਅਧੀਨ ਹੀ ਤੁਰਦਾ ਦਿਖਾਈ ਦਿੰਦਾ ਹੈ। ਲੇਖਕ ਇਨ੍ਹਾਂ ਨੂੰ ਆਦਰਸ਼ਵਾਦੀ ਪਾਤਰਾਂ ਦੇ ਰੂਪ 'ਚ ਚਿਤਰਦਾ ਹੈ। ਜਿਸ ਰਾਹੀਂ ਉਹ ਕਸ਼ਮੀਰ ਦੇ ਪਿਛੋਕੜ ਵਿਚ ਪਈਆਂ ਲੋਕਾਂ ਦੀਆਂ ਆਪਸੀ ਭਾਈਚਾਰਕ ਸਾਂਝ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਨਾਵਲ ਪੜ੍ਹ ਕੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਸਮਕਾਲ ਵਿਚ ਲੇਖਕ ਇਸ ਨਾਵਲ ਰਾਹੀਂ ਅਤੀਤ ਦੇ ਬਿਰਤਾਂਤ ਨੂੰ ਕਿਉਂ ਮੁੜ ਚਿੱਤਰ ਰਿਹਾ ਹੈ? ਇੰਝ ਜਾਪਦਾ ਹੈ ਕਿ ਉਹ ਕਸ਼ਮੀਰ ਦੇ ਰਾਜਸੀ ਅਤੇ ਧਾਰਮਿਕ ਹਾਲਾਤਾਂ ਦੀ ਬਿਗੜੀ ਹੋਈ ਦਸ਼ਾ ਨੂੰ, ਪਿਛੋਕੜ ਵਿਚ ਕਸ਼ਮੀਰ ਦੀ ਆਪਸੀ ਸਾਂਝ ਜੋ ਕਿਸੇ ਉਲਾਰਤਾ ਤੋਂ ਮੁਕਤ ਸੀ, ਵਿਚੋਂ ਉਹ ਭਾਵ ਲਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਲੇਖਕ ਕਸ਼ਮੀਰ ਦੇ ਰਾਜਸੀ ਅਤੇ ਧਾਰਮਿਕ ਹਾਲਾਤਾਂ ਨੂੰ ਬਿਆਨ ਕਰਦਿਆਂ ਕਸ਼ਮੀਰੀ ਪੰਡਿਤਾਂ ਨਾਲ ਹੁੰਦੇ ਧੱਕੇ ਨੂੰ ਇੰਝ ਪੇਸ਼ ਕਰਦਾ ਹੈ:-

"ਕੁਝ ਸਾਲਾਂ ਤੋਂ ਕਸ਼ਮੀਰ ਦੇ ਹਾਲਾਤ ਵਿਗੜ ਰਹੇ ਸਨ। ਉਗਰਵਾਦ ਅਤੇ ਅਲਗਾਵਵਾਦ ਦੀ ਮੁਹਿੰਮ ਜ਼ੋਰ ਪਕੜ ਰਹੀ ਸੀ। ਕਸ਼ਮੀਰ ਵਿਚ ਇਸਲਾਮੀਕਰਨ ਦਾ ਬਿਗੁਲ ਵੱਜ ਚੁੱਕਾ ਸੀ। ਕਸ਼ਮੀਰੀ ਪੰਡਤਾਂ ਨਾਲ ਬਹੁਤ ਵਿਤਕਰਾ ਹੋਣ ਲੱਗ ਗਿਆ ਸੀ, ਉਹਨਾਂ ਦੀਆਂ ਧੀਆਂ ਭੈਣਾਂ, ਲੈ ਜਾਂਦੇ, ਉਹਨਾਂ ਦੀ ਇੱਜ਼ਤ ਲੁੱਟਦੇ, ਬਲਾਤਕਾਰ ਕਰਦੇ,...ਫਿਰ ਆਪਣੀ ਜਾਨ, ਇਮਾਨ ਤੇ ਇਜ਼ਤ ਬਚਾ ਕੇ ਕਸ਼ਮੀਰ ਛੱਡਣ ਲੱਗ ਗਏ। ਜਿਹਨਾਂ ਮੁਸਲਮਾਨਾਂ ਨਾਲ ਸਾਰੀ ਉਮਰ ਗੁਜ਼ਾਰੀ ਸੀ ਭਾਈਚਾਰਾ ਸੀ, ਪਿਆਰ ਮੁਹੱਬਤ ਸੀ, ਉਹ ਮੂੰਹ ਮੋੜ ਗਏ, ਸ਼ਤਰੂ ਬਣ ਗਏ ਤੇ ਕਸ਼ਮੀਰੀ ਪੰਡਿਤ ਆਪਣਾ ਘਰ ਬਾਰ ਛੱਡ ਕੇ ਬੇ-ਘਰ ਹੋ ਗਏ। ਕੋਈ ਕਿਤੇ ਜਾ ਵਸਿਆ, ਕੋਈ ਕਿਤੇ।"[2]

ਇਸ ਨਾਵਲ ਵਿਚ ਕਸ਼ਮੀਰੀ ਪੰਡਿਤਾਂ ਨਾਲ ਵਾਪਰੇ ਦੁਖਾਂਤ ਨੂੰ ਬਾਖੂਬੀ ਉਘਾੜਿਆ ਗਿਆ ਹੈ ਪਰ ਇਸ ਦਾ ਪ੍ਰਭਾਵ ਕਸ਼ਮੀਰੀ ਸਿੱਖਾਂ ਤੇ ਵੀ ਪਿਆ, ਭਾਵੇਂ ਕਿ ਇਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਤਰ੍ਹਾਂ ਬਹੁਗਿਣਤੀ ਵਿਚ ਪ੍ਰਵਾਸ ਨਹੀਂ ਕੀਤਾ ਪਰ ਕੁਝ ਕੁ ਸਿੱਖ ਪਰਿਵਾਰ ਉਸ ਦੁਖਾਂਤ ਦੇ ਦੌਰ ਦੌਰਾਨ ਜੰਮੂ ਆ ਵਸੇ ਸਨ। ਨਾਵਲ ਦੇ ਮੁੱਖ ਪਾਤਰ 'ਗੁਰਸੇਵਕ' ਜੋ ਕਿ ਇਕ ਸਿੱਖ ਪਾਤਰ ਦੇ ਰੂਪ ਵਿਚ ਪੇਸ਼ ਹੁੰਦਾ ਹੈ, ਪਰ ਬਚਪਨ ਵਿਚ ਉਸਦਾ ਇਕ ਮੁਸਲਿਮ ਔਰਤ ਦੀ ਛਾਤੀ ਨਾਲ ਲਗਕੇ ਦੁੱਧ ਪੀਣਾ ਅਤੇ ਜ਼ਵਾਨੀ ਵਿਚ ਉਸਦਾ 'ਇੰਦੂ' ਨਾਂ ਦੀ ਮੁਟਿਆਰ ਜੋ ਹਿੰਦੂ ਪਰਿਵਾਰ ਨਾਲ ਵਾਹ-ਵਾਸਤਾ ਰਖਦੀ ਹੈ, ਨਾਲ ਉਸਦਾ ਰੂਹਾਨੀ ਪਿਆਰ ਹੋਣਾ ਅਤੇ ਉਸ ਨੇ ਆਪਣੇ ਪੁੱਤਰ ਦਾ ਵਿਆਹ ਇਕ ਹਿੰਦੂ ਪਰਿਵਾਰ ਨਾਲ ਕਰਨਾ ਇਹ ਸਾਰੀਆਂ ਗੱਲਾਂ ਅਤੀਤ ਵਿਚ ਪਈ ਕਸ਼ਮੀਰ ਵਿਚਲੀ ਸਾਂਝ ਦੀ ਪ੍ਰਤਿਨਿਧਤਾ ਕਰਦੀਆਂ ਹਨ। ਨਾਵਲਕਾਰ ਨੇ ਪ੍ਰੇਮ ਨੂੰ ਜਿਨਸੀ ਸੰਬੰਧਾਂ ਅਤੇ ਕਾਮੁਕਤਾ ਤੋਂ ਮੁਕਤ ਰੂਹਾਨੀ ਇਸ਼ਕ ਅਤੇ ਗੁਰਸੇਵਕ ਰਾਹੀਂ ਪੇਸ਼ ਕੀਤਾ ਹੈ।

ਗੁਰਸੇਵਕ ਇੰਦੂ ਦਾ ਪਿਆਰ ਜੋ ਕਿ ਆਪਣੇ ਅਧੂਰੇਪਣ ਵਿਚੋਂ ਹੀ ਆਪਣੀ ਸੰਪੂਰਨਤਾ ਨੂੰ ਤਲਾਸ਼ਦਾ ਹੈ। ਤਮਾਮ ਉਮਰ ਇਕ ਦੂਜੇ ਤੋਂ ਦੂਰ ਰਹਿ ਕੇ ਵੀ ਉਨ੍ਹਾ ਦਾ ਇਕ ਸੂਖਮ ਅਤੇ ਅਮੂਰਤ ਰਿਸ਼ਤਾ ਬਣਿਆ ਰਹਿੰਦਾ ਹੈ, ਪਰ ਇਸ ਦੇ ਨਾਲ ਹੀ ਲੇਖਕ ਨੇ ਸਮਾਜ ਵਿਚ ਪਏ ਮਨੁੱਖ ਦੀ ਕਾਮੁਕ ਅਯਾਸ਼ੀ ਦਾ ਜ਼ਿਕਰ ਵੀ ਕੀਤਾ ਹੈ। ਜਿਸ ਵਿਚ ਔਰਤ-ਮਰਦ ਦੀਆਂ ਤੀਬਰ ਲਾਲਸਾਵਾਂ ਅਤੇ ਖ਼ਾਸਕਰ ਕਾਲਜ ਦੀਆਂ ਵਿਦਿਆਰਥਣਾਂ ਆਪਣੇ ਦੇਹ ਵਪਾਰ, ਜੋ ਆਰਥਿਕ ਮਜ਼ਬੂਰੀ, ਆਪਣੀਆਂ ਹਦੋਂ ਵਧ ਲੋੜਾਂ, ਐਸ ਪ੍ਰਸ਼ਤੀ ਅਤੇ ਅਯਾਸ਼ੀ ਕਰਨ ਇਸ ਕੁਰਾਹੇ ਪੈਂਦੀਆਂ ਹਨ।

"ਜਲਦੀ ਜਲਦੀ ਕੁੜੀ ਨੇ ਕੱਪੜੇ ਪਾਏ, ਸਹਿਗਲ ਸਾਹਿਬ ਨੇ ਵੀ ਕੱਪੜੇ ਪਾ ਲਏ ਪਰ ਪਤਨੀ ਦੀਆਂ ਗਾਲ੍ਹਾਂ ਉਸ ਕੁੜੀ ਨੇ ਖੂਬ ਸਣੀਆਂ, "ਕੀ ਘਰੋਂ ਪੜ੍ਹਨ ਨਿਕਲਦੀ ਹੈਂ ਜਾਂ ਨੌਕਰੀ ਕਰਨ?"

"ਜੀ ਪੜ੍ਹਣ ਜਾਂਦੀ ਹਾਂ।"
"ਇਹ ਪੜ੍ਹਾਈ ਕਰਦੀ ਹੈਂ?"
"ਜੀ ਬਹੁਤ ਗ਼ਲਤੀ ਹੋ ਗਈ।"
"ਇਥੇ ਕਿੰਨੀ ਵਾਰੀ ਆਈ ਹੈਂ?"
"ਦੋ ਤਿੰਨ ਵਾਰੀ।"
"ਕਿਸ ਨੇ ਇਥੇ ਭੇਜਿਆ ਤੈਨੂੰ?"
"ਮੇਰੀ ਸੇਹਲੀ ਹੈ।"
"ਉਹ ਕਿਵੇਂ ਇਹਨਾਂ ਨੂੰ ਜਾਣਦੀ ਹੈ?"
"ਜੀ ਉਹ ਵੀ ਇਥੇ ਆਉਂਦੀ ਹੈ।"
"ਬੇੜਾ ਗਰਕ ਹੋਏ ਤੁਹਾਡਾ! ਇਹ ਧੰਦਾ ਇਥੇ ਕਰਦੇ ਹੋ।" ਸਹਿਗਲ ਸਾਹਿਬ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ।"[3]

ਸਮਾਜ ਵਿਚ ਵਾਪਰਦੀਆਂ ਇਨ੍ਹਾਂ ਘਟਨਾਵਾਂ ਅਤੇ ਮਨੁੱਖ ਦੀਆਂ ਪਸ਼ੂ ਵਿਰਤੀ ਪ੍ਰਤੀ ਲੇਖਕ ਫ਼ਿਕਰਮੰਦ ਨਜ਼ਰ ਆਉਂਦਾ ਹੈ।

ਲੇਖਕ ਨੇ ਸਮਾਜ ਵਿਚਲੀ ਇਕ ਹੋਰ ਸਮੱਸਿਆ ਨੂੰ ਪੇਸ਼ ਕੀਤਾ ਹੈ। ਅਜੋਕੇ ਸਮੇਂ ਵਿਚ ਪਰਿਵਾਰ ਸੰਕਟ, ਤਨਾਵਾਂ ਅਤੇ ਰਿਸ਼ਤਿਆਂ ਦੀ ਟੁੱਟ ਭਜ ਨੂੰ ਵੀ ਇਸ ਨਾਵਲ ਵਿਚ ਗੁਰਸੇਵਕ ਦੀ ਪਰਿਵਾਰਕ ਸਮੱਸਿਆ ਰਾਹੀਂ ਦਿਖਾਇਆ ਗਿਆ ਹੈ। ਲੇਖਕ ਇਨ੍ਹਾਂ ਹਾਲਾਤਾਂ ਦਾ ਕਾਰਨ ਸਾਡੀ ਆਪਣੀ ਨੈਤਿਕ ਕਦਰਾਂ ਕੀਮਤਾਂ ਪ੍ਰਤੀ ਮੂਹ ਫੇਰਨ ਨੂੰ ਮੰਨਦਾ ਹੈ।ਉਸਦਾ ਮਨਣਾ ਹੈ ਕਿ ਜਦੋਂ ਤੱਕ ਅਸੀਂ ਆਪਣੀ ਕਦਰਾਂ ਕੀਮਤਾਂ ਨੂੰ ਜੀਵਨ ਸ਼ੈਲੀ ਦਾ ਹਿੱਸਾ ਨਹੀਂ ਬਣਾਵਾਂਗੇ ਉਦੋਂ ਤਕ ਇਨ੍ਹਾਂ ਦੁੱਖਾਂ ਦਾ ਨਿਵਾਰਨ ਨਹੀਂ ਹੋ ਸਕਦਾ। ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਬੱਚੇ ਵਿਆਹ ਕਰਾਉਂਦੇ ਹੀ ਆਪਣੇ ਮਾਂ ਪਿਉ ਅਤੇ ਘਰ ਨੂੰ ਛੱਡ ਕੇ, ਬਜ਼ੁਰਗਾਂ ਨੂੰ ਇਕੱਲੇਪਣ ਦਾ ਸ਼ਿਕਾਰ ਹੋਣ ਲਈ ਛੱਡ ਜਾਂਦੇ ਹਨ ਅਤੇ ਉਨ੍ਹਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਅਵੇਸਲੇ ਰਹਿਣਾ ਚਾਹੁੰਦੇ ਹਨ।

"ਅਸੀਂ ਘਰ ਛੱਡ ਕੇ ਜਾਣਾ ਚਾਹੁੰਦੇ ਹਾਂ।"
ਪਰ ਕਿਉਂ? ਸਰਦਾਰ ਜੀ ਨੇ ਪੁੱਛਿਆ।
"ਕਿਉਂਕਿ ਅਸੀਂ ਇਥੇ ਘੁਟਣ ਮਹਿਸੂਸ ਕਰ ਰਹੇ ਹਾਂ।" ਢਿੱਲੋਂ ਸਾਹਿਬ ਦੀ ਨੂੰਹ ਵਿਚੋਂ ਬੋਲ ਪਈ।...
"ਹੁਣ ਕੋਈ ਫਾਇਦਾ ਨਹੀਂ ਅੰਕਲ ਜੀ।"
"ਪਰ ਤੁਹਾਡੀ ਮੰਮੀ ਬੀਮਾਰ ਨੇ।"
"ਆਪੇ ਇਲਾਜ ਕਰਵਾਉਂਦੇ ਰਹਿਣ।"
ਇਸ ਉਮਰ ਵਿਚ ਕਿਥੇ ਭੱਜਦੇ ਫਿਰਨਗੇ?"
"ਆਪ ਵੀ ਉਥੇ ਹੀ ਨਾਲ ਹੀ ਭਰਤੀ ਹੋ ਜਾਣ। ਆਪਣੇ ਦਿਮਾਗ਼ ਦਾ ਇਲਾਜ ਕਰਵਾਉਣ।"
"ਬੇਟਾ! ਇਹੋ ਜਿਹੀਆਂ ਗੱਲਾਂ ਜ਼ਿੰਮੇਵਾਰ ਬੇਟੇ ਨੂੰ ਸ਼ੋਭਾ ਨਹੀਂ ਦਿੰਦੀਆਂ।"
"ਮੇਰੀ ਕੋਈ ਜ਼ਿੰਮੇਵਾਰੀ ਨਹੀਂ ਇਹਨਾਂ ਪ੍ਰਤੀ।"[4]

ਇਸ ਅਵੇਸਲੇਪਣ ਨਾਲ ਉਹ ਚੰਗਾ ਜੀਵਨ ਅਤੇ ਸਮਾਜ ਨਹੀਂ ਸਿਰਜ ਸਕਦੇ। ਜਿਵੇਂ ਕੋਈ ਰੁੱਖ ਆਪਣੀਆਂ ਜੜ੍ਹਾਂ ਤੋਂ ਦੂਰ (ਨਿਖੜਕੇ) ਹੋ ਕੇ ਵਧ ਫੁੱਲ ਨਹੀਂ ਸਕਦਾ, ਉਵੇਂ ਹੀ ਇਹ ਢਹਿ ਢੇਰੀ ਹੋ ਜਾਂਦੇ ਹਨ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਲੇਖਕ ਆਪਣੀ ਲੇਖਣੀ ਰਾਹੀਂ ਸਮਾਜ ਦੀ ਭਾਈਚਾਰਕ ਬਣਤਰ, ਜੋ ਜੰਮੂ ਕਸ਼ਮੀਰ ਦੇ ਰਾਜਸੀ/ਧਾਰਮਿਕ ਸਮੱਸਿਆ ਕਰਕੇ ਤਣਾਅਪੂਰਨ ਹਨ, ਉਨ੍ਹਾਂ ਦੇ ਮੁੜ ਸੁਰਜਿਤ ਹੋਣ ਦੀ ਆਸ ਰਖਦਾ ਹੈ। ਇਸ ਲਈ ਉਸ ਦੇ ਮੁੱਖ ਪਾਤਰ ਵੱਖ ਵੱਖ ਧਰਮਾਂ ਦੇ ਹੋਣ ਦੇ ਬਾਵਜੂਦ ਵੀ ਕਿਸੇ ਖਾਸ ਕਟੜਤਾ ਦਾ ਸ਼ਿਕਾਰ ਨਹੀਂ ਹਨ। ਉਹ ਜੰਮੂ ਕਸ਼ਮੀਰ ਦੀ ਸਮਕਾਲੀਨ ਸਥਿਤੀਆਂ ਨੂੰ ਅਤੀਤ ਦੀਆਂ ਸਥਿਤੀਆਂ ਨਾਲ ਤੁਲਨਾ ਰਿਹਾ ਹੈ। ਉਸਦੇ ਮੁੱਖ ਪਾਤਰ ਪੰਜਾਬੀ ਸਾਹਿਤ ਦੇ ਮੁੱਢਲੇ ਦੌਰ ਦੇ ਨਾਵਲਾਂ ਦੇ ਪਾਤਰਾਂ ਵਾਂਗ ਜਾਪਦੇ ਹਨ, ਜੋ ਆਪਣੀ ਧਰਤੀ ਅਤੇ ਸਮਾਜਕ ਨੈਤਿਕ ਕਦਰਾਂ ਕੀਮਤਾਂ ਨੂੰ ਜਿਉਂਦੇ ਹਨ।

## ਹਵਾਲੇ


1. ਭੁਪਿੰਦਰ ਸਿੰਘ ਰੈਣਾ, ਅੱਧੇ-ਅਧੂਰੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2020, ਪੰਨਾ 125
2. ਉਹੀ, ਪੰਨਾ 35
3. ਉਹੀ, ਪੰਨਾ 89
4. ਉਹੀ, ਪੰਨਾ 112-113